**ਦਫਤਰ ਚੇਅਰਮੈਨ, ਭਰਤੀ ਬੋਰਡ-ਕਮ-ਪ੍ਰਮੁੱਖ ਸਕਤਰ, ਸਕੂਲ ਸਿੱਖਿਆ ਵਿਭਾਗ, ਪੰਜਾਬ**
**ਪੀ.ਐਸ.ਈ.ਬੀ.ਕੰਪਲੈਕਸ, ਈ-ਬਲਾਕ, ਪੰਜਵੀਂ ਮੰਜਿਲ, ਫੇਜ-8, ਐਸ.ਏ.ਐਸ ਨਗਰ।**
**ਵੈਬ-ਸਾਈਟ:- www.educationrecruitmentboard.com**

---

# ਪਬਲਿਕ ਨੋਟਿਸ

ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਥਾਰਟੀ ਅਧੀਨ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਵੱਲੋਂ ਸ਼ੇਅਰਿੰਗ ਪੈਟਰਨ ਤੇ ਮਿਡਲ ਤੋਂ ਹਾਈ ਅਪਗ੍ਰੇਡ ਹੋਏ ਸਕੂਲਾਂ(ਰਮਸਾ)/ਮਾਡਲ ਸਕੂਲਾਂ/ ਆਦਰਸ਼ ਸਕੂਲਾਂ ਲਈ ਵੱਖ-ਵੱਖ ਕੈਟਾਗਰੀ ਅਧੀਨ ਵਿਦਿਅਕ ਅਮਲੇ ਦੀ ਠੇਕਾ ਅਧਾਰਿਤ ਭਰਤੀ ਸਬੰਧੀ 27-11-2013 ਤੱਕ ਆਨਲਾਈਨ ਅਰਜ਼ੀਆਂ ਮੰਗੀਆਂ ਗਈਆਂ ਸਨ।ਇਸ ਭਰਤੀ ਸਬੰਧੀ ਵੱਖ-ਵੱਖ ਕੈਟਾਗਰੀ ਅਧੀਨ ਅਸਾਮੀਆਂ ਲਈ **ਦਸਤਾਵੇਜਾਂ ਦੀ ਸਕਰੂਟਨੀ** ਮਿਤੀ 09-12-2013 ਤੋਂ 31-12-2013 ਅਤੇ ਮਿਤੀ 06-02-2014 ਤੋਂ 12-02-2014 ਤੱਕ ਦਾ ਸਮਾਂ ਨਿਰਧਾਰਤ ਕੀਤਾ ਗਿਆ ਸੀ।ਪਰੰਤੂ 12-02-2014 ਤੱਕ ਦੀ ਕੀਤੀ ਦਸਤਾਵੇਜਾਂ ਦੀ ਸਕਰੂਟਨੀ ਦੌਰਾਨ ਇੰਟਰਵਿਊ ਲਈ ਤਿੰਨ ਗੁਣਾ ਉਮੀਦਵਾਰਾਂ ਦੀ ਗਿਣਤੀ ਵਿਗਿਆਪਨ ਦੀਆਂ ਸ਼ਰਤਾਂ ਅਨੁਸਾਰ ਪੂਰੀ ਨਹੀਂ ਹੋਈ ਜਿਸ ਕਰਕੇ ਉਸ ਤੋਂ ਅਗਲੇ ਮੈਰਿਟ ਵਾਲੇ ਉਮੀਦਵਾਰਾਂ (ਜਿਸ ਕੈਟਾਗਰੀ ਵਿੱਚ ਉਮੀਦਵਾਰ ਉਪਲਬਧ ਹਨ) ਨੂੰ ਦਸਤਾਵੇਜਾਂ ਦੀ ਸਕਰੂਟਨੀ ਲਈ ਮਿਤੀ 12/3/14 ਤੋਂ 14/3/14 ਤੱਕ ਬੁਲਾਇਆ ਜਾਂਦਾ ਹੈ। ਇਸ ਸਬੰਧੀ ਨਵੇਂ ਉਮੀਦਵਾਰਾਂ ਦੇ **ਦਸਤਾਵੇਜਾਂ ਦੀ ਸਕਰੂਟਨੀ** ਦਾ ਵੇਰਵਾ / ਸ਼ਡਿਊਲ ਵਿਭਾਗ ਦੀ ਵੈਬਸਾਈਟ **www.educationrecruitmentboard.com** ਤੇ ਉਪਲਬਧ ਹੈ।

ਅ. ਭਾਰਦ੍ਵਾਜ

ਚੇਅਰਮੈਨ ਭਰਤੀ ਬੋਰਡ ਕਮ
ਪ੍ਰਮੁੱਖ ਸਕੱਤਰ ਸਕੂਲ ਸਿੱਖਿਆ ਵਿਭਾਗ ਪੰਜਾਬ।

**ਦਫਤਰ ਚੇਅਰਮੈਨ, ਭਰਤੀ ਬੋਰਡ-ਕਮ-ਪ੍ਰਮੁੱਖ ਸਕਤਰ, ਸਕੂਲ ਸਿੱਖਿਆ ਵਿਭਾਗ, ਪੰਜਾਬ**
**ਪੀ.ਐਸ.ਈ.ਬੀ.ਕੰਪਲੈਕਸ, ਈ-ਬਲਾਕ, ਪੰਜਵੀਂ ਮੰਜਿਲ, ਫੇਜ-8, ਐਸ.ਏ.ਐਸ ਨਗਰ।**
ਵੈਬ-ਸਾਈਟ:- **www.educationrecruitmentboard.com**

# ਪਬਲਿਕ ਨੋਟਿਸ

ਰਮਸਾ ਵੱਲੋਂ ਵੱਖ ਵੱਖ ਵਿਸਿਆਂ ਵਿੱਚ ਆਦਰਸ, ਮਾਡਲ ਅਤੇ ਰਮਸਾ ਦੇ ਸਕੂਲਾਂ ਵਿੱਚ ਅਧਿਆਪਕਾਂ ਦੀ ਭਰਤੀ ਕਰਨ ਲਈ ਡਾਟਾ **www.rmsa.ssapunjab.org** ਦੀ ਵੈਬਸਾਈਟ ਤੇ ਮਿਤੀ 27-11-2013 ਤੱਕ ਆਨਲਾਈਨ ਅਪਲਾਈ ਕਰਵਾਇਆ ਗਿਆ ਸੀ। ਸਬੰਧਤ ਪੋਸਟਾਂ ਦੀ ਤਿੰਨ ਗੁਣਾ ਮੈਰਿਟ ਵਾਲੇ ਯੋਗ ਉਮੀਦਵਾਰਾਂ ਦੀ ਮੈਰਿਟ ਸੂਚੀ ਵਿਭਾਗ ਦੀ ਵੈਬ ਸਾਈਟ **www.educationrecruitmentboard.com & www.rmsa.ssapunjab.org** ਤੇ ਪਾਈ **ਗਈ ਸੀ।** ਇਹਨਾਂ ਵਿਗਿਆਪਤ ਕੀਤੀਆਂ ਗਈਆਂ ਆਸਾਮੀਆਂ ਦੇ ਤਿੰਨ ਗੁਣਾ ਉਮੀਦਵਾਰਾਂ ਨੂੰ ਮੈਰਿਟ ਅਨੁਸਾਰ **ਮਿਤੀ** 09-12-2013 ਤੋਂ 31-12-2013 **ਅਤੇ ਮਿਤੀ** 06-02-2014 ਤੋਂ 12-02-2014 **ਤੱਕ ਦਸਤਾਵੇਜਾ ਦੀ ਸਕਰੂਟਨੀ ਲਈ ਸ.ਸ.ਸ.ਸ** 3ਬੀ-1, ਐਸ.ਏ.ਐਸ ਨਗਰ ਵਿੱਖੇ ਬੁਲਾਇਆ ਗਿਆ ਸੀ।ਇਸ ਸਕਰੂਟਨੀ ਦੌਰਾਨ ਕੁਝ ਉਮੀਦਵਾਰ ਗੈਰ-ਹਾਜ਼ਰ ਰਹੇ ਅਤੇ ਕੁਝ ਉਮੀਦਵਾਰਾਂ ਦੀ ਸਕਰੂਟਨੀ ਦੌਰਾਨ ਲੋੜੀਂਦੇ ਦਸਤਾਵੇਜ਼ ਪੇਸ਼ ਨਾ ਕਰ ਸਕਣ ਕਾਰਨ ਉਮੀਦਵਾਰਾਂ ਦੀ ਜੋ ਟੈਂਨਟੇਟਿਵ ਮੈਰਿਟ ਵਿਭਾਗ ਦੀ ਵੈਬ-ਸਾਈਟ ਤੇ ਦਰਸਾਈ ਗਈ ਸੀ,ਹੁਣ ਉਸ ਤੋਂ ਘੱਟ ਗਈ ਹੈ।ਜਿਸ ਕਾਰਨ ਇੰਟਰਵਿਊ ਲਈ ਤਿੰਨ ਗੁਣਾ ਉਮੀਦਵਾਰ ਪੂਰੇ ਕਰਨ ਲਈ ਜਿਹੜੇ ਉਮੀਦਵਾਰਾਂ ਦੀ ਮੈਰਿਟ ਸਕਰੂਟਨੀ ਕੀਤੇ ਗਏ ਉਮੀਦਵਾਰਾਂ ਨਾਲੋਂ ਵੱਧ ਹੈ ,ਦੇ ਦਸਤਾਵੇਜ਼ਾ ਦੀ ਸਕਰੂਟਨੀ ਲਈ ਹੇਠਾਂ **ਦਰਸਾਈਆਂ ਮਿਤੀਆਂ ਅਨੁਸਾਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ 3-ਬੀ-1, ਐਸ.ਏ.ਐਸ ਨਗਰ ਵਿਖੇ ਸਵੇਰੇ 09.00 ਵਜੇ ਤੋਂ ਸਾਮ 5.00 ਵਜੇ ਤੱਕ** ਸੱਦਾ ਦਿੱਤਾ ਜਾਂਦਾ ਹੈ। ਬਿਨੈਕਾਰ ਅਸਲ ਸਰਟੀਫਿਕੇਟ, ਸਰਟੀਫਿਕੇਟ ਦੀਆਂ ਖੁਦ ਤਸਦੀਕੀ ਫੋਟੋਕਾਪੀਆਂ ਦਾ ਇਕ ਸੈਟ, ਆਪਣੀ ਪਾਸਪੋਰਟ ਸਾਈਜ ਦੀਆਂ 4 ਫੋਟੋਆਂ, ਜਮ੍ਹਾਂ ਕਰਵਾਈ ਫੀਸ ਦਾ ਸਬੂਤ ਅਤੇ ਪੀ.ਐਸ.ਟੀ.ਈ.ਟੀ.-2 ਪਾਸ ਕਰਨ ਦਾ ਸਬੂਤ, ਕੰਪਿਊਟਰ ਵਿੱਚ ਡਾਊਨ ਲੋਡ ਕੀਤਾ ਰਜਿਸਟ੍ਰੇਸਨ ਫਾਰਮ ਦਾ ਸਬੂਤ ਫਾਈਲ ਕਵਰ ਵਿੱਚ ਟੈਗ ਕਰਕੇ ਸਾਰੇ ਅਸਲ ਸਰਟੀਫਿਕੇਟ ਅਤੇ ਤਸਦੀਕੀ ਫੋਟੋਕਾਪੀਆਂ ਵੱਖੋ ਵੱਖਰੀਆਂ ਫਾਈਲਾਂ ਵਿੱਚ ਲੈ ਕੇ ਦਸਤਾਵੇਜਾਂ ਦੀ ਸਕਰੂਟਨੀ ਲਈ ਨਿੱਜੀ ਤੌਰ ਤੇ ਹਾਜਰ ਹੋਣਗੇ।

ਨੋਟ:-

1. ਇੱਥੇ ਇਹ ਸਪਸਟ ਕੀਤਾ ਜਾਦਾ ਹੈ ਕਿ **ਇਹ ਵਿਗਿਆਪਨ ਉਹਨਾਂ ਉਮੀਦਵਾਰਾਂ ਲਈ ਨਹੀਂ ਹੈ ਜਿਹੜੇ ਉਮੀਦਵਾਰ ਮਿਤੀ** 09-12-2013 **ਤੋਂ** 31-12-2013 **ਅਤੇ ਮਿਤੀ** 06-02-2014 **ਤੋਂ** 12-02-2014 **ਤੱਕ ਕੀਤੀ ਦਸਤਾਵੇਜਾਂ ਦੀ ਸ਼ਕਰੂਟਨੀ ਦੌਰਾਨ ਗੈਰਹਾਜਰ ਸਨ।** ਇਸ ਸੰਬੰਧ ਵਿਚ, ਇਸ ਭਰਤੀ ਲਈ ਦਿੱਤੇ ਵਿਗਿਆਪਨ ਦੀਆਂ ਸਰਤਾਂ ਅਨੁਸਾਰ ਕਾਉਂਸਲਿੰਗ/ਇੰਟਰਵਿਊ ਲਈ ਦੁਬਾਰਾ ਹੋਰ ਕੋਈ ਮੌਕਾ ਨਹੀ ਦਿੱਤਾ ਜਾਵੇਗਾ, ਕਿਉ ਕਿ ਮਿਤੀ 09-12-2013 ਤੋਂ 31-12-2013 ਅਤੇ 06-02-2014 ਤੋਂ 12-02-2014 ਤੱਕ ਉਮੀਦਵਾਰਾਂ ਨੂੰ ਦਸਤਾਵੇਜਾਂ ਦੀ ਸ਼ਕਰੂਟਨੀ ਲਈ ਪਹਿਲਾਂ ਹੀ ਦੋ ਮੌਕੇ ਦਿੱਤੇ ਗਏ ਸਨ।

2. ਜੇਕਰ ਕਿਸੇ ਉਮੀਦਵਾਰ ਦੀ ਮੈਰਿਟ ਵਿਭਾਗ ਦੀ ਵੈਬ-ਸਾਈਟ ਤੇ ਦਰਸਾਈ ਗਈ ਮੈਰਿਟ ਤੋਂ ਵੱਧ ਹੈ, ਤਾਂ ਉਹ ਉਮੀਦਵਾਰ ਵੀ ਹੇਠ ਦਰਸਾਏ ਸਡਿਊਲ ਅਨੁਸਾਰ ਦਸਤਾਵੇਜ਼ਾਂ ਦੀ ਸਕਰੂਟਨੀ ਲਈ ਹਾਜ਼ਰ ਹੋ ਸਕਦਾ ਹੈ, ਪਰੰਤੂ ਉਹ ਉਮੀਦਵਾਰ ਮਿਤੀ 09-12-2013 ਤੋਂ 31-12-2013 ਤੱਕ ਅਤੇ ਮਿਤੀ 06-02-2014 ਤੋਂ 12-02-2014 ਤੱਕ ਹੋਈ ਦਸਤਾਵੇਜ਼ਾਂ ਦੀ ਸਕਰੂਟਨੀ ਦੌਰਾਨ ਗੈਰ-ਹਾਜ਼ਰ ਨਾ ਹੋਇਆ ਹੋਵੇ।

| ਲੜੀ ਨੰ | ਮਿਤੀ | ਵੇਰਵੇ |
|---|---|---|
| 1 | 11-03-2014 | **ਰਮਸਾ ਸਕੂਲ ਵਿੱਚ ਹੈਡਮਾਸਟਰ ਵੈਬ-ਸਾਈਟ ਤੇ ਪਾਈ ਗਈ ਲਿਸਟ ਅਨੁਸਾਰ ਇਤਰਾਜਾ ਦੀ ਪ੍ਰਤੀ ਪੂਰਤੀ ਕਰ ਸਕਦੇ ਹਨ।** **(ਇਹ ਇਤਰਾਜ ਉਮਦੀਵਾਰਾਂ ਦੀ ਦਸਤਾਵੇਜਾਂ ਦੀ ਸਕਰੂਟਨੀ ਦੌਰਾਨ ਪਾਈਆਂ ਗਈਆਂ ਅਬਜਰਵੇਸ਼ਨ** ਹਨ।ਇਸ ਨੂੰ ਫਾਈਨਲ ਨਾ ਸਮਝਿਆ ਜਾਵੇ।) |
| 2 | 12-03-2014 | **ਮਾਡਲ ਸਕੂਲਾਂ ਅਤੇ ਆਦਰਸ਼ ਸਕੂਲਾਂ ਦੇ ਸਾਰੇ ਵਿਸ਼ਿਆਂ ਦੀਆਂ ਸਾਰੀਆਂ ਕੈਟਾਗਿਰੀਆਂ ਦੇ ਉਮੀਦਵਾਰ ਵੈਬਸਾਈਟ ਤੇ ਪਾਈ ਲਿਸਟ ਅਨੁਸਾਰ। (ਮਾਡਲ ਸਕੂਲਾਂ ਵਿੱਚ ਪ੍ਰਿੰਸੀਪਲ ਦੀ ਪੋਸਟ ਲਈ ਉਹੀ ਉਮੀਦਵਾਰ ਸਕਰੂਟਨੀ ਦੌਰਾਨ ਹਾਜਰ ਹੋਣ ਜਿਹਨਾਂ ਦਾ ਤਜਰਬਾ ਵਿਗਿਆਪਨ ਦੀਆਂ ਸਰਤਾਂ ਅਨੁਸਾਰ ਪੂਰਾ ਬਣਦਾ ਹੈ)** |
| 3 | 13-03-2014 | ਰਮਸਾ ਸਕੂਲਾਂ ਦੇ ਸਾਰੇ ਵਿਸ਼ਿਆਂ ਦੀਆਂ **ਸਾਰੀਆਂ ਕੈਟਾਗਿਰੀਆਂ ਦੇ ਉਮੀਦਵਾਰ ਵੈਬਸਾਈਟ ਤੇ ਪਾਈ ਲਿਸਟ ਅਨੁਸਾਰ।** |
| 4 | 14-03-2014 | **ਉਪਰੋਕਤ ਮਿਤੀਆਂ ਵਿੱਚੋਂ ਜੇਕਰ ਕੋਈ ਉਮੀਦਵਾਰ ਕਿਸੇ ਕਾਰਨ ਗੈਰ ਹਾਜਰ ਹੋ ਜਾਂਦਾ ਹੈ ਤਾਂ ਮਿਤੀ 11-03-2014 ਵਾਲੇ ਉਮੀਦਵਾਰ ਆਪਣੇ ਇਤਰਾਜਾਂ ਦੀ ਪ੍ਰਤੀ ਪੂਰਤੀ ਕਰਨ ਲਈ ਅਤੇ ਮਿਤੀ 12-03-2014 ਤੋਂ** 13-03-2014 ਵਾਲੇ **ਉਮੀਦਵਾਰਾਂ ਨੂੰ ਦਸਤਾਵੇਜਾਂ ਦੀ ਸਕਰੂਟਨੀ ਲਈ ਆਖਰੀ ਮੌਕਾ ਦਿੱਤਾ ਜਾਵੇਗਾ।** |

1. **ਉਮੀਦਵਾਰਾਂ ਦੀ ਇਹ ਪਹਿਲੀ ਅਤੇ ਅੰਤਿਮ ਦਸਤਾਵੇਜਾਂ ਦੀ ਸਕਰੂਟਨੀ ਹੋਵੇਗੀ। ਇਸ ਤੋਂ ਬਾਅਦ ਕਿਸੇ ਵੀ ਉਮੀਦਵਾਰ ਨੂੰ ਕੋਈ ਮੌਕਾ ਨਹੀਂ ਦਿੱਤਾ ਜਾਵੇਗਾ।**

2. ਕਿਸੇ ਵੀ ਉਮੀਦਵਾਰ ਵੱਲੋਂ ਦਸਤਾਵੇਜਾਂ ਦੀ ਸਕਰੂਟਨੀ ਵਿੱਚ ਹਾਜਰ ਹੋਣ ਦਾ ਭਾਵ ਇਹ ਨਹੀਂ ਕਿ ਉਸ ਦਾ ਨਿਯੁਕਤੀ ਲਈ ਹੱਕ ਪੈਦਾ ਹੋ ਗਿਆ ਹੈ।

3. ਦਸਤਾਵੇਜਾਂ ਦੀ ਸਕਰੂਟਨੀ ਸਮੇਂ ਸਾਰੇ ਅਸਲ ਦਸਤਾਵੇਜ/ਸਰਟੀਫਿਕੇਟ ਚੈਕ ਕੀਤੇ ਜਾਣਗੇ ਅਤੇ ਲਏ ਜਾਣਗੇ। ਇਸ ਤੋਂ ਬਾਅਦ ਕੋਈ ਵੀ ਸਰਟੀਫਿਕੇਟ/ਦਸਤਾਵੇਜ ਕਿਸੇ ਵੀ ਸੂਰਤ ਵਿੱਚ ਨਹੀਂ ਲਿਆ ਜਾਵੇਗਾ।

4. ਦਸਤਾਵੇਜਾਂ ਦੀ ਸਕਰੂਟਨੀ ਲਈ ਗਠਿਤ ਸਬ ਕਮੇਟੀਆਂ ਵਲੋਂ ਜਿਨ੍ਹਾਂ ਉਮੀਦਵਾਰਾਂ ਦੇ ਕੋਈ ਦਸਤਾਵੇਜ ਅਧੂਰੇ ਪਾਏ ਜਾਂਦੇ ਹਨ ਤਾਂ ਉਹਨਾਂ ਦੀ ਪਾਤਰਤਾ ਉਸ ਸਮੇਂ ਰੱਦ ਕਰ ਦਿੱਤੀ ਜਾਵੇਗੀ।

5. ਜੇ ਕਿਸੇ ਉਮੀਦਵਾਰ ਦੀ ਇੱਕ ਤੋਂ ਵੱਧ ਵਿਸਿਆਂ ਵਿੱਚ ਚੋਣ ਹੁੰਦੀ ਹੈ ਅਤੇ ਇਕ ਤੋਂ ਵੱਧ ਮੈਰਿਟ ਵਿੱਚ ਆਉਂਦਾ/ ਆਉਂਦੀ ਹੈ ਤਾਂ ਉਸ ਉਮੀਦਵਾਰ ਨੂੰ 15 ਦਿਨਾਂ ਦੇ ਦਿਨਾਂ ਵਿੱਚ ਕਿਸੇ ਇੱਕ ਵਿਸੇ ਵਿੱਚ ਆਪਸਨ ਦਫਤਰ ਚੇਅਰਮੈਨ, ਭਰਤੀ ਬੋਰਡ-ਕਮ-ਪ੍ਰਮੁੱਖ ਸਕੱਤਰ, ਸਕੂਲ ਸਿੱਖਿਆ ਵਿਭਾਗ, ਪੰਜਾਬ ਪੀ.ਐਸ.ਈ.ਬੀ.ਕੰਪਲੈਕਸ, ਈ-ਬਲਾਕ, ਪੰਜਵੀਂ ਮੰਜਿਲ, ਫੇਜ-8, ਐਸ.ਏ.ਐਸ ਨਗਰ ਵਿਖੇ ਦੇਣੀ ਪਵੇਗੀ ਅਤੇ ਖਾਲੀ ਰਹਿ ਗਈਆਂ ਆਸਾਮੀਆਂ ਤੇ ਮੈਰਿਟ ਅਨੁਸਾਰ ਅਗੇ ਚੋਣ ਕਰ ਲਈ ਜਾਵੇਗੀ।

6. **www.rmsa.ssapunjab.org & www.educationrecruitmentboard.com** ਦੀ ਵੈਬ ਸਾਈਟ ਤੇ ਸਕਰੂਟਨੀ ਫਾਰਮ, ਸਵੈ-ਘੋਸਣਾ ਪੱਤਰ ਅਤੇ ਕਰਾਈਟੀਰੀਈਆ ਪਾ ਦਿੱਤਾ ਗਿਆ ਹੈ ਸਕਰੂਟਨੀ ਫਾਰਮ ਅਤੇ ਸਵੈ-ਘੋਸਣਾ ਪੱਤਰ ਦਸਤਾਵੇਜਾਂ ਦੀ ਸਕਰੂਟਨੀ ਵਾਲੇ ਦਿਨ ਉਮੀਦਵਾਰ ਪਹਿਲਾਂ ਹੀ ਭਰ ਕੇ ਲਿਆਉਣ।

7. ਸਪੱਸਟ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਵੀ ਉਮੀਦਵਾਰ ਦਾ ਕੋਈ ਵੀ ਦਸਤਾਵੇਜ/ਸਰਟੀਫਿਕੇਟ ਗਲਤ ਜਾਂ ਜਾਅਲੀ ਪਾਇਆ ਜਾਂਦਾ ਹੈ ਤਾਂ ਉਸ ਵਿਰੁੱਧ ਐਫ.ਆਈ.ਆਰ.ਮੌਕੇ ਤੇ ਹੀ ਦਰਜ ਕਰਵਾਈ ਜਾਵੇਗੀ।

8. ਸਾਰੇ ਦਸਤਾਵੇਜਾਂ ਦੀਆਂ ਫੋਟੋਕਾਪੀਆਂ ਇੱਕ ਹੀ ਸਾਈਜ ਦੇ ਪੇਪਰਾਂ ਉਪਰ ਸਾਫ, ਤਰਤੀਬਵਾਰ ਪੜਤਾਲ ਫਾਰਮ ਅਨੁਸਾਰ ਪੇਜ ਨੰਬਰ ਲਗਾ ਕੇ ਫਾਈਲ ਵਿੱਚ ਲਗਾਏ ਜਾਣ।

9. ਸਾਰੇ ਅਸਲ ਦਸਤਾਵੇਜ ਵੀ ਤਰਤੀਬਵਾਰ ਪੜਤਾਲ ਫਾਰਮ ਅਨੁਸਾਰ ਫਾਈਲ ਵਿੱਚ ਲਗਾਏ ਜਾਣ।

10. ਤਰਜਬਾ ਸਰਟੀਫਿਕੇਟ ਸਿਰਫ ਪ੍ਰਿੰਸੀਪਲ/ਮੁੱਖ ਅਧਿਆਪਕਾਂ ਦੀਆਂ ਆਸਾਮੀਆਂ ਤੇ ਹੀ ਲਾਗੂ ਹੈ ਅਤੇ ਇਹ ਵਿਗਿਆਪਨ ਅਨੁਸਾਰ ਦਿੱਤੇ ਗਏ ਅਨੁਲੱਗ 'ੳ' ਤੇ ਹੀ ਹੋਣਾ ਚਾਹੀਦਾ ਹੈ।

4/3/14.

ਸਹਾਇਕ ਡਾਇਰੈਕਟਰ
ਸਿੱਖਿਆ ਭਰਤੀ ਬੋਰਡ।